## Telephone Conversation between Prime Minister Shri Narendra Modi and H.E. Boris Johnson, Prime Minister of the United Kingdom

**March 12, 2020**

---

## ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਬੋਰਿਸ ਜਾਨਸਨ ਵਿਚਾਲੇ ਟੈਲੀਫੋਨ 'ਤੇ ਗੱਲਬਾਤ

**12 ਮਾਰਚ, 2020**

ਅੱਜ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਬੋਰਿਸ ਜਾਨਸਨ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਵਾਂ ਆਗੂਆਂ ਨੇ ਨਵੇਂ ਦਹਾਕੇ 'ਚ ਭਾਰਤ-ਯੂਕੇ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਇੱਛਾ ਪ੍ਰਗਟਾਈ। ਉਨ੍ਹਾਂ ਨੇ ਇਸ ਮੰਤਵ ਦੀ ਪ੍ਰਾਪਤੀ ਲਈ ਵਿਆਪਕ ਖ਼ਾਕਾ ਤਿਆਰ ਕਰਨ ਦੇ ਲਾਭਦਾਇਕ ਹੋਣ 'ਤੇ ਆਪਣੀ ਸਹਿਮਤੀ ਦਿੱਤੀ।

ਦੋਨਾਂ ਨੇਤਾਵਾਂ ਨੇ ਮੌਸਮੀ ਬਦਲਾਅ ਦੇ ਖੇਤਰ ਵਿੱਚ ਭਾਰਤ ਅਤੇ ਯੂਕੇ ਵਿਚਾਲੇ ਦੇ ਸਹਿਯੋਗ ‘ਤੇ, ਖਾਸ ਤੌਰ ਤੇ ਬਿਪਦਾ ਤੋਂ ਬਚਾਅ ਲਈ ਬੁਨਿਆਦੀ ਢਾਂਚੇ (CDRI), ਦੇ ਪ੍ਰਸੰਗ ਵਿੱਚ ਆਪਣੀ ਤੱਸਲੀ ਪ੍ਰਗਟਾਈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਾਲ ਬਾਅਦ ਵਿਚ ਗਲਾਸਗੋ ਵਿਖੇ ਹੋਣ ਵਾਲੀ COP -26 ਲਈ ਦਿੱਤੇ ਗਏ ਸੱਦੇ ਵਾਸਤੇ ਪ੍ਰਧਾਨ ਮੰਤਰੀ ਜਾਨਸਨ ਨੂੰ ਸ਼ੁਕਰੀਆ ਅਦਾ ਕੀਤਾ।

ਦੋਵਾਂ ਪ੍ਰਧਾਨ ਮੰਤਰੀਆਂ ਨੇ ਕੋਵਿਡ -19 ਮਹਾਂਮਾਰੀ ਬਾਰੇ ਵਿਚਾਰ ਵਟਾਂਦਰੇ ਕੀਤੇ। ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਯੂਕੇ ਦੀ ਸਿਹਤ ਮੰਤਰੀ ਸ਼੍ਰੀਮਤੀ ਨਡਿਨ ਡੋਰੀਜ਼ ਦਾ ਕੋਰਨਾਵਾਇਰਸ ਟੈਸਟ ਪੋਜ਼ੀਟਿਵ ਆਉਣ ’ਤੇ ਚਿੰਤਾ ਪ੍ਰਗਟਾਈ ਅਤੇ ਉਨ੍ਹਾਂ ਦੇ ਜਲਦੀ ਸਿਹਤਯਾਬ ਹੋਣ ਦੀ ਅਰਦਾਸ ਕੀਤੀ।

ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਸ੍ਰੀ ਜਾਨਸਨ ਨੂੰ ਆਪਸੀ ਸਹੂਲਤ ਦੀਆਂ ਤਾਰੀਖਾਂ ’ਤੇ ਭਾਰਤ ਆਉਣ ਦਾ ਆਪਣਾ ਸੱਦਾ ਦੁਹਰਾਇਆ।

ਨਵੀਂ ਦਿੱਲੀ
12 ਮਾਰਚ, 2020

DISCLAIMER : This is an approximate translation. The original is available in English on MEA’s website and may be referred to as the official press release.